ਹੈ।

**ਸੂਰਾਂ ਦੀ ਪਛਾਣ:**

- ਕੰਨ ਕੁਤਰ ਕੇ (1 ਹਫਤੇ ਦੇ ਅੰਦਰ), ਕੰਨਾਂ ਤੇ ਨੰਬਰ ਲਾ ਕੇ (3 ਹਫਤੇ ਦੀ ਉਮਰ ਤੇ) ਇਹਨਾ ਨੂੰ ਪਛਾਣ ਦਿੱਤੀ ਜਾਂਦੀ ਹੈ।
- ਬੱਚਿਆਂ ਨੂੰ ਸੂਰੀ ਤੋਂ ਅੱਡ ਕਰਨ ਲੱਗਿਆਂ ਹਮੇਸ਼ਾ ਪਹਿਲਾ ਸੂਰੀ ਨੂੰ ਪ੍ਰਸੂਤ ਖਾਨੇ ਵਿੱਚੋਂ ਬਾਹਰ ਕੱਢੋ।
- ਸੂਰਾਂ ਨੂੰ ਲਾਗ ਦੀਆਂ ਬਿਮਾਰੀਆਂ ਜਿਵੇ ਕਿ ਮੂੰਹ ਖੁਰ ਤੇ ਸਵਾਈਨ ਫੀਵਰ ਆਦਿ ਤੋ ਬਚਾਵ ਲਈ ਡਾਕਟਰ ਦੀ ਸਲਾਹ ਮੁਤਾਬਕ ਟੀਕਾਕਰਣ ਕਰਵਾਓ।

**ਸੂਣ ਤੋਂ ਬਾਅਦ:**

- ਸੂਰੀਆਂ 3-4 ਹਫਤੇ ਦੁੱਧ ਚੁੰਘਾਉਂਦੀਆਂ ਹਨ।
- ਸੂਰੀਆਂ ਦੇ ਦੁੱਧ ਛਡਾਉਣ ਤੋਂ 4-6 ਦਿਨ ਬਾਅਦ ਹੇਹਾ ਆ ਜਾਂਦਾ ਹੈ।
- ਜਿਸ ਵਿੱਚ ਦੂਜੇ ਜਾਂ ਤੀਜੇ ਦਿਨ ਵਿੱਚ ਆਸ ਕਰਵਾਉਣੀ ਚਾਹੀਦੀ ਹੈ।

**ਧਿਆਣ ਦੇਣ ਯੋਗ ਗੱਲਾ:**

- ➢ 6 ਮਹੀਨੇ ਦੀ ਉਮਰ ਵਾਲੀ ਸੂਰੀ ਨੂੰ ਹਰ ਰੋਜ 15-20 ਮਿੰਟ ਲਈ ਸਾਨ੍ਹ ਸੂਰ ਕੋਲ ਛੱਡੋ, ਤਾਂ ਕਿ ਜਲਦੀ ਹੇਹੇ ਵਿੱਚ ਆਵੇ।
- ➢ ਜਵਾਨ ਸੂਰੀ ਨੂੰ ਵਧੀਆ ਖੁਰਾਕ ਦਿਓ ਜਿਸ ਨਾਲ ਉਹ 200-250 ਦਿਨਾ ਉੱਤੇ ਹੇਹੇ ਵਿੱਚ ਆ ਜਾਣ, ਆਸ ਕਰਵਾਉਣ ਤੇ ਗੱਭਣ ਨਿਕਲ ਆਉਣ।
- ➢ ਨਸਲਕਸ਼ੀ ਲਈ ਚੁਣੇ ਗਏ ਸਾਨ੍ਹਾ ਵਿੱਚ ਚੰਗੀ ਕਾਮ ਸ਼ਕਤੀ ਅਤੇ ਗੱਭਣ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ।
- ➢ ਸੂਣ ਉਪਰੰਤ ਸੂਰੀਆਂ ਨੂੰ ਵਧੀਆ ਖੁਰਾਕ ਦਿਓ ਤਾਂ ਕਿ ਉਹ ਬੱਚਿਆਂ ਨੂੰ ਦੁੱਧ ਛੁੜਾਉਣ ਤੋਂ ਬਾਅਦ ਜਲਦੀ ਹੇਹੇ ਵਿੱਚ ਆਵੇ।
- ➢ ਬੱਚੇ ਦਾਨੀ ਦੀਆਂ ਬਿਮਾਰੀਆਂ ਤੋਂ ਬਚਾ ਕੇ ਰੱਖੋ।
- ➢ ਬੱਚੇ ਭਰੋਸੇ ਮੰਦ ਜਗ੍ਹਾ ਤੋ ਖਰੀਦਣੇ ਚਾਹੀਦੇ ਹਨ ਜਿਥੇ ਟੀਕਾਕਰਣ ਆਦਿ ਦਾ ਪੂਰਾ ਰਿਕਾਰਡ ਰਖਿਆ ਹੋਵਾ।


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**ਨਿਰਦੇਸ਼ਾਲਾ ਪਸਾਰ ਸਿੱਖਿਆ**

**ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,**

**ਲੁਧਿਆਣਾ-141004**

**ਫੋਨ : 0161-2414005, 2414026**


# ਸੂਰੀਆਂ ਦੀ ਪ੍ਰਜਨਣ ਸੰਬੰਧੀ ਵਿਸ਼ੇਸ਼ ਜਾਣਕਾਰੀ

# REPRODUCTIVE MANAGEMENT OF SOW




ਡਾ. ਖੁਸ਼ਪ੍ਰੀਤ ਸਿੰਘ
ਡਾ. ਬਿਲਾਵਲ ਸਿੰਘ
ਡਾ. ਰਾਜੇਸ਼ ਕਸਰੀਜਾ
ਡਾ. ਜਸਵਿੰਦਰ ਸਿੰਘ
ਡਾ. ਸੁਰੇਸ਼ ਕੁਮਾਰ ਕਾਂਸਲ
ਡਾ. ਹਰੀਸ਼ ਕੁਮਾਰ ਵਰਮਾ


**FFP FOLDER - 14**


**ACKNOWLEDGMENT**

We are highly thankful to Farmer FIRST Programme, ICAR, New Delhi for providing financial assistance to publish this folder for the benefit of farmers.



ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,

ਲੁਧਿਆਣਾ-141004

ਸੂਰ ਪਾਲਣ ਦਾ ਕਿੱਤਾ ਮੁਨਾਫੇ ਵਾਲਾ ਹੋਣ ਕਾਰਨ ਪੰਜਾਬ ਦੇ ਕਿਸਾਨ ਇਸ ਨਾਲ ਜੁੜਦੇ ਜਾ ਰਹੇ ਹਨ। ਜੇਕਰ ਸੂਰ ਪਾਲਣ ਲਈ ਸੁਚੱਜੇ ਪ੍ਰਜਨਣ ਪ੍ਰਬੰਧ ਵੱਲ ਨਾ ਗੌਰ ਕੀਤਾ ਜਾਵੇ ਤਾ ਇਹ ਕਿੱਤਾ ਘਾਟੇ ਵੱਲ ਨੂੰ ਵੀ ਤੁਰ ਪੈਂਦਾ ਹੈ।

ਸੂਰ ਪਾਲਣ ਦੇ ਧੰਦੇ ਵਿਚ ਵਧੇਰੇ ਨਫੇ ਲਈ ਜਰੂਰੀ ਹੈ ਕਿ ਸੂਰੀ ਜਲਦੀ ਤੋਂ ਜਲਦੀ ਜਵਾਨ ਹੋ ਜਾਵੇ, ਸਮੇਂ ਸਿਰ ਹੇਹੇ ਵਿੱਚ ਆਵੇ, ਸਮੇਂ ਸਿਰ ਆਸ ਨਿਕਲ ਆਵੇ ਅਤੇ ਸੂਣ ਸਮੇਂ ਵਧੇਰੇ ਬੱਚੇ ਪੈਦਾ ਕਰੇ।

- ਸੂਰੀ 6 ਤੋਂ 8 ਮਹੀਨੇ (ਵਜਨ 85-90 ਕਿੱਲੋ) ਵਿਚ ਜਵਾਨ ਹੋ ਜਾਂਦੀ ਹੈ।
- ਹੇਹੇ ਦਾ ਸਮਾਂ 2-3 ਦਿਨ ਦਾ ਹੁੰਦਾ ਹੈ ਅਤੇ ਹੇਹਾ ਚੱਕਰ 21-22 ਦਿਨਾਂ ਦਾ ਹੁੰਦਾ ਹੈ।
- ਗਰਭ ਅਵਸਥਾ ਦਾ ਸਮਾਂ 112-116 ਦਿਨ ਦਾ ਹੁੰਦਾ ਹੈ।
- ਇੱਕ ਸੂਰੀ ਤੋਂ ਸਾਲ ਵਿੱਚ ਦੋ ਸੂਏ ਅਸਾਨੀ ਨਾਲ ਲਏ ਜਾ ਸਕਦੇ ਹਨ।
- ਸੂਰੀ ਇੱਕ ਸੂਏ ਵਿੱਚ 6-12 ਬੱਚੇ ਆਮ ਦਿੰਦੀ ਹੈ।

**ਹੇਹੇ ਦੀਆਂ ਮੁੱਖ ਨਿਸ਼ਾਨੀਆਂ:**

- ਯੋਨੀ ਵਿੱਚੋਂ ਤਾਰਾਂ ਦਾ ਵਗਣਾ ਤੇ ਵਾਰ ਵਾਰ ਪੇਸ਼ਾਬ ਕਰਨਾ।
- ਸੂਰੀ ਦੀ ਸੂਅ ਲਾਲ ਹੋਣਾ ਤੇ ਸੂਅ ਉੱਤੇ ਸੋਜ।
- ਦੂਜੀ ਸੂਰੀ ਨੂੰ ਸੁੰਘਣਾ ਤੇ ਨੱਕ ਮਾਰਨਾ ਤੇ ਦੂਜੀ ਸੂਰੀ ਉੱਪਰ ਚੱੜਣਾ।
- ਭੁੱਖ ਘੱਟ ਲਗਣੀ ਤੇ ਬੇ-ਆਰਾਮੀ।
- ਸੂਰੀ ਦੇ ਸੁਭਾਅ ਵਿੱਚ ਬਦਲਾਅ ਜਿਵੇਂ ਕਿ ਆਕ੍ਰਮਕ ਹੋਣਾ ਤੇ ਗਰਜਣਾ ਜਾਂ ਦਹਾੜਣਾ ।
- ਜੇ ਸੂਰੀ ਦੀ ਪਿੱਠ ਉੱਤੇ ਦਬਾਅ ਪਾਇਆ ਜਾਵੇ ਤਾਂ ਉਹ ਮਿਲਾਪ ਦੀ ਸਥਿਤੀ ਲੈ ਜਾਂਦੀ ਹੈ ।

**ਆਸ ਕਰਾਉਣ ਦਾ ਸਹੀ ਸਮ੍ਹਾਂ:**

- ਗਰਮੀਆਂ ਵਿੱਚ ਹੇਹੇ ਸ਼ੁਰੂ ਹੋਣ ਤੋਂ 12 ਘੰਟਿਆ ਬਾਅਦ ਆਸ ਅਤੇ ਸਰਦੀਆਂ ਵਿੱਚ ਹੇਹੇ ਸ਼ੁਰੂ ਹੋਣ ਤੋਂ 24 ਘੰਟਿਆ ਬਾਅਦ (ਹੇਹੇ ਦਾ ਸਮਾ ਲੰਬਾ ਹੁੰਦਾ ਹੈ) ਆਸ ਕਰਵਾਉਣਾ ਚਾਹੀਦਾ ਹੈ।
- ਆਸ ਕਰਵਾਉਣ ਤੋਂ 8-10 ਦਿਨ ਪਹਿਲਾਂ ਸੂਰੀ ਨੂੰ ਵੱਧ ਵੰਡ ਖਵਾਉ, ਜਿਸ ਨਾਲ ਵੱਧ ਅੰਡੇ ਪੈਦਾ ਹੋਣ ਅਤੇ ਬੱਚਿਆਂ ਦੀ ਗਿਣਤੀ ਵਿਚ ਵਾਧਾ ਹੋਵੇ।
- ਗਰਭ ਕਾਲ ਵੇਲੇ ਸੂਰੀ ਨੂੰ ਲੋੜ ਤੋਂ ਵੱਧ ਵੰਡ ਖੁਰਾਕ ਪਾਉਣੀ ਪੈਸੇ ਦੀ ਬਰਬਾਦੀ ਹੈ। ਵਧੇਰੇ ਚਰਬੀ ਚੜਣ ਨਾਲ ਭਰੂਣਾਂ ਦੀ ਮੌਤ ਦਰ ਵਿੱਚ ਵਾਧਾ ਹੋ ਸਕਦਾ ਹੈ। ਇਸ ਲਈ ਸੰਤੁਲਿਤ ਖੁਰਾਕ ਖਵਾਓ।

**ਸਾਨ੍ਹ ਸੂਰ ਦੀ ਵਰਤੋ:**

- ਸਾਨ੍ਹ ਸੂਰ ਦਾ 7-8 ਮਹੀਨੇ ਦੀ ਉਮਰ ਵਿਚ ਭਾਰ 85-95 ਕਿੱਲੋ ਹੋਵੇ।





- 15-20 ਸੂਰੀਆਂ ਪਿੱਛੇ ਇਕ ਸਾਨ੍ਹ ਸੂਰ ਰਖਣਾ ਫਾਇਦੇਮੰਦ ਹੁੰਦਾ ਹੈ।
- ਸਾਨ੍ਹ ਸੂਰ ਨੂੰ ਇਕ ਹਫਤੇ ਵਿੱਚ 2-3 ਵਾਰ ਇਸਤੇਮਾਲ ਕਰੋ।

**ਸੂਣ ਤੋਂ ਪਹਿਲਾਂ ਦੀ ਸਭਾਲ:**

- ਸੂਣ ਤੋਂ 10 ਤੋ 14 ਦਿਨ ਪਹਿਲਾਂ ਨਿਸ਼ਾਨੀਆ ਜਿਵੇਂ ਕਿ ਸੂਅ ਉੱਤੇ ਸੋਜ, ਥਣਾ ਦਾ ਵੱਡਾ ਹੋਣਾ, ਥਣਾ ਵਿੱਚ ਦੁੱਧ ਆਉਣਾ, ਭੁੱਖ ਘੱਟਣੀ, ਬੈਚੇਨੀ, ਬਾਰ-ਬਾਰ ਉੱਠਣਾ-ਬੈਠਣਾ ਆਦਿ ਆ ਜਾਦੀਂਆ ਹਨ।
- ਸੂਣ ਤੋਂ 1-2 ਹਫਤੇ ਪਹਿਲਾਂ ਗੱਭਣ ਸੂਰੀ ਨੂੰ ਪ੍ਰਸੂਤ ਘਰ (Farrowing Pen) ਵਿੱਚ ਰਖੋ।
- ਗੱਭਣ ਸੂਰੀ ਨੂੰ ਹਰ ਰੋਜ ਕਸਰਤ ਵਜੋਂ ਤੋਰਨਾ ਚਾਹੀਂਦਾ ਹੈ।

**ਸੂਣ ਦਾ ਸਮਾ:**

- ਸੂਰੀਆਂ ਨੂੰ ਸੂਣ ਲਈ 3-8 ਘੰਟੇ ਦਾ ਕੁੱਲ ਸਮਾਂ ਲੱਗਦਾ ਹੈ।
- ਦੋ ਬੱਚਿਆਂ ਦੇ ਸੂਣ ਵਿਚਕਾਰ 15-20 ਮਿੰਟ ਦਾ ਸਮਾਂ ਲਗਦਾ ਹੈ।
- ਸੂਣ ਤੋਂ ਬਾਅਦ 1-4 ਘੰਟਿਆਂ ਤੱਕ ਜੇਰ ਪੈ ਜਾਂਦੀ ਹੈ।

**ਨਵ ਜੰਮੇ ਬੱਚੇ ਦੀ ਸੰਭਾਲ:**

- ਮੂੰਹ ਅਤੇ ਨਾਸਾਂ ਤੋਂ ਲੇਸਦਾਰ ਪਦਾਰਥ ਸਾਫ ਕਰੋ ਤਾਂ ਕਿ ਬੱਚਾ ਆਰਾਮ ਨਾਲ ਸਾਹ ਲੈ ਸਕੇ।
- ਠੰਡ ਦੇ ਮਾੜੇ ਅਸਰ ਤੋਂ ਬਚਾਉਣਾ ਲਈ, 2 ਇੰਚ ਉੱਚੀ ਤਹਿ ਵਾਲੀ ਕੁਤਰੀ ਹੋਈ ਪਰਾਲੀ ਵਿਛਾਈ ਜਾ ਸਕਦੀ ਹੈ ਜਾਂ ਹੀਟਰ ਲਗਾ ਕੇ ਨਵੇਂ ਜੰਮੇ ਬੱਚਿਆਂ ਨੂੰ ਗਰਮੀ ਦਿੱਤੀ ਜਾ ਸਕਦੀ ਹੈ।
- ਨਵ ਜੰਮੇ ਬੱਚਿਆਂ ਨੂੰ ਭੁੱਸ ਰੋਗ (ਲੋਹੇ ਦੀ ਕਮੀ) ਤੋ ਬਚਾਉਣ ਲਈ ਸੂਰੀ ਦੇ ਚੱਡੇ ਤੇ ਲੋਹ ($FeSO_4$) ਦੇ ਘੋਲ ਦਾ ਲੇਪ ਜਾਂ ਬੱਚਿਆਂ ਨੂੰ ਮਾਹਿਰ ਡਾਕਟਰ ਦੀ ਸਲਾਹ ਦੇ ਮੁਤਾਬਿਕ ਲੋਹੇ ਅਤੇ ਤਾਂਬੇ ਦੇ ਟੀਕੇ ਲਗਵਾਓ।
- ਨਵ ਜੰਮੇ ਬੱਚਿਆਂ ਦੀ ਸੰਭਾਲ ਲਈ ਜੰਗਲਾ (ਗਾਰਡ ਰੇਲ) ਦੀ ਵਰਤੋ ਅਤਿ ਜਰੂਰੀ